# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ

**ਯਾਦ ਪੱਤਰ-1**

ਵੱਲ

ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲ ਮੁੱਖੀ
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ./ਮੀਡੀਆ/2012 / 88247
ਮਿਤੀ ,ਚੰਡੀਗੜ੍ਹ 5-11-12

**ਵਿਸ਼ਾ:-** **ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਅੰਦਰ ਮੈਗਜ਼ੀਨ ਕੱਢਣ ਸਬੰਧੀ।**
**ਹਵਾਲਾ:** **ਪੱਤਰ ਨੰ: ਏ.ਐਸ.ਪੀ.ਡੀ./ਮੀਡੀਆ/2012/84631-634 ਮਿਤੀ 29/8/2012**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਆਪ ਜੀ ਨੂੰ ਪਤਾ ਹੀ ਹੈ ਕਿ ਜਮਾਤ ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਹਰ ਮਹੀਨੇ ਅਮਲਗਾਮੇਟਿਡ ਫੰਡ ਲਿਆ ਜਾਂਦਾ ਹੈ।ਇਸ ਲਏ ਜਾਣ ਵਾਲੇ ਫੰਡ ਰਾਹੀਂ ਵਿਦਿਆਰਥੀਆਂ ਦੇ ਸਿੱਖਿਆ ਸਰੋਕਾਰਾਂ ਨਾਲ ਜੁੜੇ ਵਿਭਿੰਨ ਮਸਲਿਆਂ ਅਧਾਰਿਤ ਲੋੜਾਂ ਤੇ ਇਸ ਨੂੰ ਖਰਚ ਕੀਤਾ ਜਾਣਾ ਹੁੰਦਾ ਹੈ।ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਦਿਆਂ ਇਸ ਫੰਡ ਦੀ ਯੋਗ ਵਰਤੋਂ ਰਾਹੀਂ ਸਕੂਲਾਂ ਵਲੋਂ ਆਪਣਾ ਇੱਕ ਮੈਗਜ਼ੀਨ ਸ਼ੁਰੂ ਕੀਤਾ ਜਾਵੇ।ਇਸ ਮੈਗਜ਼ੀਨ ਰਾਹੀਂ ਵਿਦਿਆਰਥੀਆਂ ਅੰਦਰਲੀ ਛੁਪੀ ਹੋਈ ਕਲਾਤਮਿਕ ਪ੍ਰਤਿਭਾ ਨੂੰ ਉਭਾਰਨਾ ਹੈ।

**3.0** ਮੈਗਜ਼ੀਨ ਵਿੱਚ ਛਪੀਆਂ ਰਚਨਾਵਾਂ ਨੂੰ ਪੜ੍ਹ ਕੇ ਜਿਥੇ ਵਿਦਿਆਰਥੀਆਂ ਅੰਦਰ ਸਾਹਿਤਕ ਅਤੇ ਕਲਾਤਮਿਕ ਰੁਚੀਆਂ ਦਾ ਵਿਕਾਸ ਹੁੰਦਾ ਹੈ, ਉਥੇ ਉਹ ਪੁਸਤਕ ਸੱਭਿਆਚਾਰਕ ਨਾਲ ਜੁੜਦਿਆਂ ਫੈਲ ਰਹੇ ਸੱਭਿਆਚਾਰਕ ਪ੍ਰਦੂਸ਼ਨ ਦੇ ਬਚਾਅ ਪੱਖੋਂ ਉਸ ਦੀ ਸੋਚ ਉਸਾਰੂ ਪਾਸੇ ਵੱਲ ਵੀ ਲੱਗਦੀ ਹੈ।

**4.0** ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਕੇਂਦਰਿਤ ਕਰਦਿਆਂ ਇਹ ਜ਼ਰੂਰੀ ਬਣਦਾ ਹੈ ਕਿ ਸਮਾਜਿਕ,ਆਰਥਿਕ, ਸੱਭਿਆਚਾਰਕ, ਵਿਗਿਆਨਕ ਲੇਖਾ ਰਾਹੀਂ ਵਿਦਿਆਰਥੀਆਂ ਅੰਦਰ ਤਰਕ ਦੀ ਭਾਵਨਾ ਪੈਦਾ ਕੀਤੀ ਜਾਵੇ।

**5.0** ਨੈਤਿਕ ਸਿੱਖਿਆ ਪੱਖੋ ਵਿਦਿਆਰਥੀ ਆਪਣੇ ਵਿਰਸੇ ਨਾਲ ਜੁੜਦਿਆ ਮਹਾਨ ਨਾਇਕਾ ਦੀਆਂ ਜੀਵਨ-ਕਥਾਵਾਂ ਅਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਦਿਆਂ ਇਸ ਨੂੰ ਆਪਣੀ ਜੀਵਨ ਸੇਧ ਦਾ ਮਾਧਿਅਮ ਬਣਾਉਂਦਾ ਹੈ ।

**6.0** ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਮੈਗਜ਼ੀਨ ਵਿੱਚ ਸਿਰਫ਼ ਸਕੂਲ ਅੰਦਰ ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਰਚਨਾਵਾਂ (ਕਵਿਤਾ,ਕਹਾਣੀ,ਗੀਤ,ਗਿਆਨ-ਵਿਗਿਆਨ, ਮਹਾਨ ਨਾਇਕਾ ਦੀਆਂ ਜੀਵਨੀਆਂ,ਵਿਰਸੇ ਦੀ ਸੰਭਾਲ,ਮਾਤ ਭਾਸ਼ਾ,ਅਨਮੋਲ ਵਿਚਾਰ ਪ੍ਰੇਰਿਕ ਪ੍ਰਸੰਗ ਆਦਿ) ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇ।ਇਸ ਤੋਂ ਇਲਾਵਾ ਇਤਿਹਾਸ, ਸਾਇੰਸ,ਹਿਸਾਬ ਆਦਿ ਵਿਸ਼ਿਆਂ ਵਿੱਚ ਵੀਂ ਵਿਦਿਆਰਥੀਆਂ ਦੀ ਉੱਤਸੁਕਤਾ ਵਧਾਉਣ ਲਈ ਇਸ ਦੀ ਵਸਤੂ ਵਿਧਾਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

7.0 ਸਮੂਹ ਸਕੂਲ ਮੁੱਖੀ ਆਪਣੇ ਸਕੂਲ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਮੈਗਜ਼ੀਨ ਪ੍ਰਬੰਧਕੀ ਅਤੇ ਸੰਪਾਦਕੀ ਮੰਡਲ ਬਣਾ ਕੇ ਮੈਗਜ਼ੀਨ ਦੀ ਸਲਾਨਾ ਇੱਕਠੀ ਹੋਈ ਰਾਸ਼ੀ ਰਾਹੀਂ ਵਿੱਤੀ ਸਮਰੱਥਾ ਅਨੁਸਾਰ ਤ੍ਰੈਮਾਸਿਕ ਜਾਂ ਛਿਮਾਹੀ ਜਾਂ ਸਲਾਨਾ ਆਪਣਾ ਮੈਗਜ਼ੀਨ ਸ਼ੁਰੂ ਕਰਨ ਅਤੇ ਇਸ ਨੂੰ ਅੱਗੋਂ ਤੋਂ ਵੀ ਲੜੀਵਾਰ ਅੰਕ ਰਾਹੀਂ ਚਾਲੂ ਰੱਖਿਆ ਜਾਵੇ।

8.0 ਮੈਗਜ਼ੀਨ ਦਾ ਮੈਟਰ ਤਿਆਰ ਕਰਦਿਆਂ ਅਧਿਆਪਕਾਂ ਦੀ ਕਮੇਟੀ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਮੈਗਜ਼ੀਨ ਅੰਦਰ ਕਿਸੇ ਵੀ ਅਸੱਭਿਅਕ ਸ਼ਬਦਾਵਲੀ ,ਧਰਮ, ਭਾਸ਼ਾ ਬਾਰੇ ਵਿਅੰਗ, ਕਿਸੇ ਨੂੰ ਠੇਸ ਪਹੁੰਚਾਉਣ ਵਾਲੀਆਂ ਗੱਲਾਂ ਅਤੇ ਸ਼ਬਦ ਜੋੜਾਂ ਦੀਆਂ ਗਲਤੀਆਂ ਆਦਿ ਬਾਰੇ ਸੁਚੇਤ ਰਹਿੰਦਿਆਂ ਇਸ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ ।

9.0 ਮੈਗਜ਼ੀਨ ਦਾ ਨਾਂ ਹਰੇਕ ਸਕੂਲ ਮੁਖੀ ਆਪਣੀ ਪੱਧਰ ਤੇ ਮੈਗਜ਼ੀਨ ਦੇ ਪ੍ਰਬੰਧਕੀ ਅਤੇ ਸੰਪਾਦਕੀ ਮੰਡਲ ਦੀ ਸਲਾਹ ਨਾਲ ਚੋਣ ਕਰਕੇ ਰੱਖਣਗੇ ।

10.0 ਸਕੂਲ ਦੇ ਮੈਗਜ਼ੀਨ ਨੂੰ ਸਕੂਲਾਂ ਦੀ ਲਾਇਬਰੇਰੀ ਵਿੱਚ ਵਿਦਿਆਰਥੀਆਂ ਦੇ ਪੜ੍ਹਨ ਲਈ ਜ਼ਰੂਰ ਰੱਖਿਆ ਜਾਵੇ।

11.0 ਸਮੂਹ ਸਕੂਲ ਮੁੱਖੀਆਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਹਰੇਕ ਸਕੂਲ ਦੁਆਰਾ ਕੱਢੇ ਜਾਣ ਵਾਲੇ ਮੈਗਜ਼ੀਨ ਦਾ ਪਹਿਲਾ ਅੰਕ 31 ਦਸੰਬਰ ਤੱਕ ਛਪ ਜਾਣਾ ਚਾਹੀਦਾ ਹੈ।

12.0 ਸਮੂਹ ਜਿਲ੍ਹਾ ਸਿਖਿਆ ਅਫ਼ਸਰ (ਸੈ.ਸਿ) ਆਪਣੇ ਆਪਣੇ ਜਿਲ੍ਹੇ ਦੇ ਸਕੂਲਾਂ ਵਿੱਚ ਛਪ ਰਹੇ ਮੈਗਜ਼ੀਨਾਂ ਬਾਰੇ ਮੁਨੀਟਰ ਕਰਨਗੇ।ਅਤੇ ਇਸ ਦੀ ਰਿਪੋਰਟ ਮਹੀਨਾਵਾਰ ਰਿਵਿਊ ਮੀਟਿੰਗ ਵਿਚ ਕਰਨਗੇ।

13.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 88248

ਮਿਤੀ: 5-11-12

ਉਤਾਰਾ: 1. ਸਮੂਹ ਮੰਡਲ ਸਿੱਖਿਆ ਅਫ਼ਸਰ ,ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ,ਪੰਜਾਬ
3. ਡੀ.ਐਮ.(MIS) ਵੈਬਸਾਇਟ ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**